I

**ਖ਼ਾਲਸਾਜੀ**

ਆਪਣੇ ਅਸਲ ਤੱਤ ਵਿਚ
ਖਾਲਸ ਖ਼ਾਲਸਾ ਹੀ ਕਿ
ਸਿੱਖ ਹੋਣ ਬੇਹਤਰੀਨ ਇਨਸਾਨ
ਬੇਹਤਰੀਨ ਇਨਸਾਨੀ ਪੱਤਾਂ
ਮਨ ਨੀਵੇਂ ਉੱਚੀਆਂ ਮੱਤਾਂ
ਰੱਖੀਆਂ ਰੋਜ ਰੋਜ ਅਰਦਾਸ ਕਰ
ਅਭਿਆਸ ਕਰ
ਕਿਰਤ ਕਰ ਖਾਣਾ
ਵੰਡ ਛਕਣਾ
ਨਾਮ ਜਪਣਾ
ਵਾਹਿਗੁਰੂ ਤੇ ਰੱਖ ਟੇਕ
ਇਕ ਹੱਥ ਫੇਰ ਭੀ ਨੇਕ
ਖੰਡੇ ਦੀ ਮੁੱਠ ਤੇ
ਤਿਆਰ ਬਰ ਤਿਆਰ ਤੇਜ਼ ਧਾਰ
ਕਮਜ਼ੋਰ ਦੀ ਰੱਖਿਆ
ਬੇਸ਼ੱਕ ਹੋਵੇ ਆਰ ਪਾਰ
*ਪੁਰਜਾ ਪੁਰਜਾ ਕਟ ਮਰੇ*
*ਕਬਹੂੰ ਨਾ ਛਾਡੇ ਖੇਤ* ਪ੍ਰਕਾਰ .

ਇਸ ਧਰਤੇ
ਸਭ ਸਮੁੰਦਰੋਂ ਪਾਰ
ਮੈਂ ਨਾ ਡਿੱਠਾ ਜਗ ਤੇ
ਇਸ ਕਦਰ ਬਹਾਦੁਰ ਲੋਕ
ਧਰਮੀ, ਹਠਧਰਮੀ, ਕਰਮੀ, ਪਰਾਕ੍ਰਮੀ
ਸਿੱਖ!
ਗੁਰਮੁਖ ਸਿੱਖ!
ਆਪਾ ਵਾਰ ਦੇ ਵਪਾਰੀ
ਖਾਲਸਾ
ਧਰਮ ਦਾ ਰਾਖਾ,
ਓਨਾ ਹੀ ਗੂੜ੍ਹ ਵਿਚਾਰੀ.

**ਕਦਰਜੋਗ**

ਹਿੰਦੁਸਤਾਨੀਓ!
ਖਰੇ ਉੱਤਰੋ
ਖਰੀ ਪਹਿਚਾਣ ਕਰੋ
ਨਾ ਖੋਟਾ ਅਭਿਮਾਨ ਕਰੋ
ਨਾ ਖਰੇ ਕੋ ਖੋਟਾ ਧਰੋ
ਸਨਮਾਨਜੋਗ ਦਾ ਦਿਲੋਂ
ਸਨਮਾਨ ਕਰੋ
ਬਹਾਦੁਰ ਕੌਮ ਦਾ ਦਮ ਭਰੋ
ਇਹ ਇਹਨਾਂ ਦਾ ਵਾਜਬ ਹੱਕ
ਸਵੈਅੱਤੱਤਾ, ਅਣਖ, ਆਣ, ਬਾਣ
ਇਹ ਇਹਨਾਂ ਦੀ ਜਰੂਰੀ ਪਹਿਚਾਣ
ਕਹਿਣੀ ਚੋਂ ਘੱਟ
ਕਰਨੀ ਚੋਂ ਜ਼ਿਆਦਾ ਜਿੱਤਿਆ ਮਾਨ
ਕਿਆ ਗ਼ਜ਼ਬ ਹੀਰੋ ਇਤਿਹਾਸ
ਕਿਥੇ ਜਹਾਨ ਤੇ ਹੋਰ
ਅਜਿਹਾ ਨਿਰਵਾਹ ਨਿਕਾਸ?

ਇਹਨਾਂ ਲੈਣ ਦਿਯੋ ਸਰਦਾਰੀ
ਰਾਜ ਕਰੇਗਾ ਖ਼ਾਲਸਾ ਪ੍ਰਕਾਰੀ
ਇਹ ਖ਼ਾਲਸਾ
*ਸੱਚ ਓਪਰੀ*
*ਸੱਚ ਤੋਂ ਉੱਚਾ ਸੱਚ ਅਚਾਰ* ਵਪਾਰੀ
ਤੇਗ ਬਹਾਦੁਰ ਰਾਹ ਦੇ ਰਾਹੀ
ਗੋਬਿੰਦ ਦੇ ਨਿਡਰ ਸਿਪਾਹੀ
ਇਹ ਹਿੰਦੁਸਤਾਨ ਨੂੰ ਚੱਕ ਦੇਣ
ਉਛਾਲ ਅੰਬਰਾਂ ਤਾਈਂ
ਹਵਾ ਸਬਨਾਂ ਨੂੰ ਸੁਖਦਾਈ
ਚੱਲੇ ਇੰਝ
ਸਰਬੱਤ ਦਾ ਭਲਾ ਹੀ ਭਲਾ
ਹੋਰ ਕਿ ਚਾਹੀਏ ਇਨਸਾਨ ਕੋ ਭਲਾ?

ਸਲਾਮ!
ਇਹਨਾਂ ਗੁਰਮੁਖਾਂ ਨੂੰ ਸਲਾਮ
ਭਾਰਤੀ ਰੂਹ ਦੇ ਅਸਲ ਰਖਵਾਲੇ
ਇਹ ਸਿੰਘ ਮਤਵਾਲੇ
ਉੱਚੀ ਮਤਿ ਚਾਹੁਣ ਵਾਲੇ
ਲੱਖ ਲੱਖ ਸਲਾਮ
ਸਤਿ ਸ੍ਰੀ ਅਕਾਲ ਕਿ

ਇਹ ਭਾਰਤ ਭੂਮੀ ਦੇ
ਅਵੱਲ ਸਪੂਤ
ਅਵੱਲੀਆਂ ਹੀ ਧੀਆਂ
ਸਭ ਮਿਲ ਸੁਚੱਜੀਆਂ ਰਵਾਇਤੀ ਲੀਹਾਂ
ਦੇ ਸੱਚੇ ਸੁਚੇ ਕਹਿੰਦੇ ਕਹਾਂਦੇ ਦੂਤ.

Author: Dr. Satish Kumar Shukla, drskschukla@gmail.com